StudentBounty.com

नामांक Roll No.

| | | | | | | |
|---|---|---|---|---|---|---|
| | | | | | | |

No. of Questions — 14
No. of Printed Pages — 7

# SS—25—Punjabi Sah.(Supp.)

## उच्च माध्यमिक पूरक परीक्षा, 2013
## SENIOR SECONDARY SUPPLEMENTARY EXAMINATION, 2013

## PUNJABI SAHITYA

**Time : 3 $\frac{1}{4}$ Hours**

**Maximum Marks : 80**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ-ਪੱਤਰ ’ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ ’ਤੇ ਹੀ ਲਿਖੋ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਕ ਵਾਲ਼ੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।
5. ਪ੍ਰਸ਼ਨ ਸੰਖਿਆ 4, 8 ਤੋਂ 10 ਅਤੇ 14 ਵਿੱਚ ਆਂਤਰਿਕ ਵਿਕੱਲਪ ਹੈ ।

StudentBounty.com



1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਉਸ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :-

ਗੁਰੂ ਗੋਬਿੰਦ ਸਿੰਘ ਮਾਨਵਤਾ ਦੇ ਆਸ਼ਕ ਸਨ। ਉਨ੍ਹਾਂ ਦਾ ਸੰਘਰਸ਼ ਕਿਸੇ ਜਾਤੀ ਸੰਪਰਦਾਇ ਵਿਰੁੱਧ ਨਹੀਂ ਸੀ। ਉਹਨਾਂ ਜਿੱਥੇ ਵੀ ਜ਼ੁਲਮ ਦੇਖਿਆ, ਉਸ ਨੂੰ ਲਲਕਾਰਿਆ ਤੇ ਉਹਨਾਂ ਦੇ ਸੇਵਕਾਂ ਵਿੱਚ ਹਰ ਧਰਮ ਨੂੰ ਮੰਨਣ ਵਾਲ਼ੇ ਲੋਕ ਸਨ। ਨਬੀ ਖ਼ਾਂ ਤੇ ਗਨੀ ਖਾਂ, ਤੋਂ ਛੁੱਟ ਉਹ ਪਠਾਣ, ਜਿਸ ਨੇ ਉਹਨਾਂ 'ਤੇ ਕਾਤਲਾਨਾ ਹਮਲਾ ਕੀਤਾ, ਮੁਸਲਮਾਨ ਸਨ। ਉਹਨਾਂ ਛੋਟੀ ਜਿਹੀ ਉਮਰ ਵਿੱਚ ਆਪਣੀ ਬਹੁ-ਪੱਖੀ ਪ੍ਰਤਿਭਾ ਨਾਲ਼ ਜੀਵਨ ਨੂੰ ਪ੍ਰਭਾਵਿਤ ਕੀਤਾ। ਉਹ ਸੰਤ ਸਿਪਾਹੀ ਸਨ। ਉਹਨਾਂ ਦਾ ਸਾਹਿਤ ਪ੍ਰੇਮ ਅਦੁੱਤੀ ਸੀ। ਉਹਨਾਂ ਦੇ ਦਰਬਾਰ ਵਿੱਚ, ਕਹਿੰਦੇ ਹਨ, ਬਵੰਜਾ ਕਵੀ ਸਨ, ਜਿਨ੍ਹਾਂ ਨੂੰ ਸਾਹਿਤ ਰਚਨਾ ਲਈ ਉਹ ਉਤਸ਼ਾਹਿਤ ਕਰਦੇ ਸਨ। ਆਪ ਜੀ ਦੇ ਦਰਬਾਰੀ ਕਵੀਆਂ ਦਾ ਰਚਿਆ ਮਣਾਂ-ਮੂੰਹੀਂ ਸਾਹਿਤ ਘੱਲੂਘਾਰਿਆਂ ਦੀ ਭੇਟ ਹੋ ਗਿਆ ਜਾਪਦਾ ਹੈ। ਗੁਰੂ ਜੀ ਦੀਆਂ ਆਪਣੀਆਂ ਰਚਨਾਵਾਂ ਵਿੱਚੋਂ 'ਜ਼ਫ਼ਰਨਾਮਾ', 'ਜਾਪੁ ਸਾਹਿਬ', 'ਅਕਾਲ ਉਸਤਤ', 'ਚੰਡੀ ਚਰਿੱਤਰ', 'ਦਸਮ ਗ੍ਰੰਥ', 'ਚੰਡੀ ਦੀ ਵਾਰ', ਆਦਿ ਬਹੁਤ ਪ੍ਰਸਿੱਧ ਹਨ।

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ। 2

(ਅ) ਨਬੀ ਖਾਂ ਤੇ ਗਨੀ ਖਾਂ ਕੌਣ ਸਨ? 2

(ੲ) ਗੁਰੂ ਜੀ ਦੇ ਦਰਬਾਰੀ ਕਵੀਆਂ ਨੇ ਕਿੰਨਾ ਸਾਹਿਤ ਰਚਿਆ? 2

(ਸ) ਗੁਰੂ ਜੀ ਦੀਆਂ ਪ੍ਰਸਿੱਧ ਰਚਨਾਵਾਂ ਦੇ ਨਾਂ ਲਿਖੋ। 2

(ਹ) ਪੈਰ੍ਹੇ ਵਿੱਚ ਆਏ ਹੇਠਲੇ ਸ਼ਬਦਾਂ ਦੇ ਅਰਥ ਲਿਖੋ :- 2

ਮਾਨਵਤਾ, ਸੰਘਰਸ਼, ਸੰਪਰਦਾਇ, ਅਦੁੱਤੀ।

2. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ :- 10

(ੳ) ਮਨਭਾਉਂਦੀ ਯਾਤਰਾ (ਅ) ਬੇਰੁਜ਼ਗਾਰੀ ਦੀ ਸਮੱਸਿਆ

(ੲ) ਵਿਦਿਆਰਥੀ ਤੇ ਫ਼ੈਸ਼ਨ (ਸ) ਪੰਜਾਬ ਦੇ ਲੋਕ ਗੀਤ।

3. ਹੇਠ ਲਿਖੇ ਸਿਰਲੇਖਾਂ ਵਿੱਚੋਂ ਕਿਸੇ ਇੱਕ ਉੱਪਰ ਕਹਾਣੀ ਲਿਖੋ :- 5

(ੳ) ਈਮਾਨਦਾਰੀ ਦਾ ਫ਼ਲ ਮਿੱਠਾ ਹੁੰਦਾ ਹੈ

(ਅ) ਕਰ ਭਲਾ ਹੋ ਭਲਾ

(ੲ) ਬੁਰੀ ਸੰਗਤ।

StudentBounty.com



4. ਸ਼ੋਰ-ਪ੍ਰਦੂਸ਼ਣ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। 1 + 3 + 1 = 5

**ਜਾਂ**

ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਇਲਾਕੇ ਵਿੱਚ ਲੜਕੀਆਂ ਦੇ ਸਕੂਲ ਦੀ ਜ਼ਰੂਰਤ ਸੰਬੰਧੀ ਇੱਕ ਪ੍ਰੈੱਸ ਨੋਟ ਲਿਖੋ।

5. (ੳ) ਕਿਸੇ ਤਿੰਨ ਅਖਾਣਾਂ ਦੇ ਅਰਥ ਦੱਸ ਕੇ ਵਾਕ ਬਣਾਓ:- 3

1. ਉੱਚਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ।
2. ਕੰਧਾਂ ਦੇ ਵੀ ਕੰਨ ਹੁੰਦੇ ਹਨ।
3. ਜੈਸੀ ਸੰਗਤ ਵੈਸੀ ਰੰਗਤ।
4. ਨਹੁੰਆਂ ਨਾਲ਼ੋਂ ਮਾਸ ਵੱਖ ਨਹੀਂ ਹੁੰਦਾ।

(ਅ) ਕਿਸੇ ਦੋ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ:- 2

1. ਅੱਖਾਂ ਫੇਰ ਲੈਣਾ।
2. ਇੱਟ ਨਾਲ਼ ਇੱਟ ਵਜਾਉਣੀ।
3. ਸਿਰ ਫਿਰ ਜਾਣਾ।

6. ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ:- 3

ਖੁਸ਼ੀ ਨਾਲ਼ ਨੱਚ ਉੱਠਣਾ ਮਨੁੱਖ ਦਾ ਆਦਿ ਕਾਲ ਤੋਂ ਸੁਭਾਅ ਰਿਹਾ ਹੈ ਪਰ ਨਾਚ ਦੀ ਚਾਲ ਹਰ ਆਦਮੀ ਦੀ ਦਿਮਾਗੀ ਪੱਧਰ ਅਨੁਸਾਰ ਹੁੰਦੀ ਹੈ

7. (ੳ) ਹੇਠ ਲਿਖੇ ਅਸ਼ੁੱਧ ਵਾਕਾਂ ਨੂੰ ਸ਼ੁੱਧ ਕਰ ਕੇ ਲਿਖੋ:-

1. ਮੇਜਰ ਨੇ ਦਵਾਈ ਨੂੰ ਪੀਤੀ। 1
2. ਉਸ ਚਾਕੂ ਨਾਲ਼ ਸੇਬ ਕੱਟੇ। 1
3. ਗਗਨਦੀਪ ਦੀਆਂ ਕਿਤਾਬ ਪਾਟ ਗਈਆਂ। 1

(ਅ) ਪਦ-ਕਰਮ ਸੋਧ ਕੇ ਲਿਖੋ :-

1. ਘੋੜਾ ਜਤਿੰਦਰ ਉੱਪਰ ਬੈਠਾ ਹੈ। 1
2. ਕਰੋਗੇ ਜਿਵੇਂ ਭਰੋਗੇ ਤਿਵੇਂ। 1

StudentBounty.com



(ੲ) 'ਹਾਂ ਵਾਚਕ' ਤੋਂ 'ਨਾਂਹ ਵਾਚਕ' ਵਾਕ ਬਣਾਓ:-

1. ਧਰਮ ਵਿੱਚ ਊਚ-ਨੀਚ ਦਾ ਭੇਦ-ਭਾਵ ਹੁੰਦਾ ਹੈ। 1

2. ਕੀ ਤੁਸੀਂ ਮੇਰਾ ਕੰਮ ਕਰ ਦਿਓਗੇ? 1

8. ਹੇਠ ਲਿਖੇ ਕਾਵਿ-ਅੰਸ਼ਾਂ ਵਿੱਚੋਂ ਕਿਸੇ ਇੱਕ ਕਾਵਿ-ਅੰਸ਼ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:-

1 + 1 + 1 + 1 = 4

(ੳ) ਹਾਇ, ਨਾ ਧਰੀਕ ਸਾਨੂੰ,
ਹਾਇ, ਵੇ ਨਾ ਮਾਰ ਖਿੱਚਾਂ,
ਹਾਇ, ਨਾ ਵਿਛੋੜ
ਗਲ ਲੱਗਿਆਂ ਨੂੰ ਪਾਪੀਆ।

1. ਇਹ ਸਤਰਾਂ ਕਿਸ ਕਵਿਤਾ ਵਿੱਚੋਂ ਹਨ? ਕਵੀ ਦਾ ਨਾਂ ਵੀ ਲਿਖੋ।

2. ਇਹਨਾਂ ਸਤਰਾਂ ਵਿੱਚ ਕਿਹੜੀ ਵਿਸ਼ੇਸ਼ ਗੱਲ ਕਿਹੀ ਗਈ ਹੈ?

3. 'ਗਲ ਲੱਗਿਆਂ' ਦਾ ਕੀ ਅਰਥ ਹੈ?

4. ਇਹਨਾਂ ਸਤਰਾਂ ਦੀ ਭਾਵਨਾ ਕਿਹੋ ਜਿਹੀ ਹੈ?

(ਅ) ਕਾਹਨੂੰ ਬਾਲ਼ਦਾ ਬਨੇਰਿਆਂ 'ਤੇ ਮੋਮਬੱਤੀਆਂ
ਲੰਘ ਜਾਣ ਦੇ ਬਜ਼ਾਰ 'ਚੋਂ ਹਵਾਵਾਂ ਤੱਤੀਆਂ
ਬੂਹੇ ਉੱਤੇ ਸ਼ਰਮਿੰਦਗੀ ਦੇ ਦਾਗ਼ ਰਹਿਣ ਦੇ
ਬਦਨਾਮ ਰਾਜਨੀਤੀ ਦੇ ਸੁਰਾਗ ਰਹਿਣ ਦੇ
ਆਉਣ ਵਾਲ਼ਿਆਂ ਨੇ ਅੱਜ ਦਾ ਕਸੂਰ ਲੱਭਣਾ
ਇਹਨਾਂ ਘਰਾਂ ਵਿੱਚ ਬੁਝੇ ਹੋਏ ਚਿਰਾਗ ਰਹਿਣ ਦੇ
ਕਿੱਥੇ ਜਾਏਂਗਾ? ਦਿਸ਼ਾਵਾਂ ਸਭ ਲਹੂ ਰੱਤੀਆਂ
ਕਾਹਨੂੰ ਬਾਲ਼ਦਾ ਬਨੇਰਿਆਂ 'ਤੇ ਮੋਮਬੱਤੀਆਂ।

1. ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਹਨ? ਕਵੀ ਦਾ ਨਾਂ ਵੀ ਲਿਖੋ।

2. ਇਹ ਕਵਿਤਾ ਕਿਸ ਨੂੰ ਸੰਬੋਧਿਤ ਹੈ?

3. 'ਮੋਮਬੱਤੀਆਂ' ਕਾਹਦਾ ਚਿੰਨ੍ਹ ਹੈ?

4. ਇਹਨਾਂ ਸਤਰਾਂ ਦੀ ਭਾਵਨਾ ਕਿਹੋ ਜਿਹੀ ਹੈ?

StudentBounty.com



9. ਕਿਸੇ ਇੱਕ ਕਾਵਿ-ਅੰਸ਼ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:- 2 + 2 + 2 = 6

(ੳ) ਦੁੱਧੀਆਂ ਨਾਲ਼ ਪਲਮਦੇ ਬੱਚੇ,
ਕੰਮੀਂ ਰੁੱਝੀਆਂ ਮਾਵਾਂ,
ਅੱਖਾਂ ਦੇ ਵਿੱਚ ਛਲਕਣ ਅੱਥਰੂ,
ਹਿੱਕਾਂ ਦੇ ਵਿੱਚ ਆਹਾਂ।
ਬੋਕਿਆਂ ਵਰਗੇ ਪੇਟ ਉਹਨਾਂ ਦੇ,
ਤੁੱਕਿਆਂ ਵਰਗੇ ਗਾਣੇ,
ਛਾਲੇ-ਛਾਲੇ ਹੱਥ ਉਹਨਾਂ ਦੇ,
ਪੈਰ ਬਿਆਈਆਂ ਪਾਟੇ।

1. ਇਹਨਾਂ ਕਾਵਿ-ਸਤਰਾਂ ਦੀ ਸ਼ੈਲੀ ਕਿਹੋ ਜਿਹੀ ਹੈ?
2. ਉਪਰੋਕਤ ਕਾਵਿ-ਸਤਰਾਂ ਦਾ ਕੇਂਦਰੀ ਭਾਵ ਲਿਖੋ।
3. ਪੇਟ ਅਤੇ ਗਾਣੇ ਦੀ ਕਿਨ੍ਹਾਂ ਸ਼ਬਦਾਂ ਨਾਲ਼ ਤੁੱਲਨਾ ਕੀਤੀ ਗਈ ਹੈ?

(ਅ) ਬੇਕਦਰਾਂ ਦੇ ਵੱਸ ਦਿਲ ਪਾ ਕੇ,
ਅਸਾਂ ਸੱਲ ਸਹਾਰੇ ਚੋਖੇ,
ਨੈਣਾਂ ਤੱਤਿਆਂ ਦਾ ਕੀ ਕਰੀਏ,
ਜਿਹੜੇ ਮੁੜ-ਮੁੜ ਖਾਵਣ ਧੋਖੇ,
ਨਾ ਦਰਵਾਜ਼ੇ ਖੁੱਲ੍ਹਦੇ ਸਾਨੂੰ,
ਨਾ ਹੋਵਣ ਬੰਦ ਝਰੋਖੇ,
ਮਰਨ ਜੀਉਣ ਦੀ ਵਿਚਲੀ ਜੂਨੇ,
ਅਸਾਂ ਵੇਖੇ ਚੁਹਲ ਅਨੋਖੇ।

1. ਉਪਰੋਕਤ ਸਤਰਾਂ ਦਾ ਕੇਂਦਰੀ ਭਾਵ ਲਿਖੋ।
2. 'ਤੱਤਿਆਂ' ਦਾ ਕੀ ਅਰਥ ਹੈ?
3. ਇਹਨਾਂ ਕਾਵਿ-ਸਤਰਾਂ ਦੀ ਸ਼ੈਲੀ ਕਿਹੋ ਜਿਹੀ ਹੈ?

StudentBounty.com



10. ਕਿਸੇ ਇੱਕ ਵਾਰਤਕ ਅੰਸ਼ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:-

$1\frac{1}{2} + 1\frac{1}{2} + 1\frac{1}{2} + 1\frac{1}{2} = 6$

(ੳ) ਨੂੰਹ-ਸੱਸ ਤੇ ਜਿਵੇਂ ਬਿਜਲੀ ਪੈ ਗਈ। ਕਿਸੇ ਨੇ ਬਾਰੂ ਦਾ ਤਾਪ ਨਾ ਦੇਖਿਆ, ਰੋਟੀਆਂ ਦਾ ਫ਼ਿਕਰ ਪੈ ਗਿਆ। ਬਾਰੂ ਦੇ ਸਤਾਰਾਂ ਰੁਪਏ ਤਾਂ ਪੱਕੇ ਸਨ। ਬਾਰੂ ਦੇ ਭਰਾ ਦੀ ਆਮਦਨ ਤਾਂ ਕੋਈ ਪੱਕੀ ਨਹੀਂ ਸੀ। ਉਹ ਤੇ 'ਮਜ਼ੂਰ' ਸੀ।

1. ਨੂੰਹ-ਸੱਸ ਉੱਤੇ ਬਿਜਲੀ ਪੈਣ ਤੋਂ ਕੀ ਭਾਵ ਹੈ?
2. ਕਿਸੇ ਨੇ ਬਾਰੂ ਦਾ ਤਾਪ ਕਿਉਂ ਨਹੀਂ ਦੇਖਿਆ?
3. ਬਾਰੂ ਦੇ ਘਰ ਦੀ ਹਾਲਤ ਕਿਹੋ ਜਿਹੀ ਸੀ?
4. ਕਿਸ ਦੀ ਆਮਦਨ ਪੱਕੀ ਸੀ?

(ਅ) ਪਰ ਸਭ ਤੋਂ ਵੱਧ ਤਾਂ ਉਹਨੂੰ ਇਸ ਗੱਲ ਦਾ ਫ਼ਿਕਰ ਸੀ ਕਿ ਜੇ ਉਸ ਨੇ ਦੁੱਧ ਨਾ ਪੀਤਾ ਤਾਂ ਉਸ ਦੀ ਬੁੱਧੀ ਬਿਲਕੁੱਲ ਨਕਾਰੀ ਹੋ ਜਾਵੇਗੀ। ਜੇ ਸ਼ਾਇਦ ਉਹ ਇੱਕ ਵਾਰੀ ਵੀ ਦੁੱਧ ਪੀ ਲਵੇ ਤਾਂ ਅਗਲੇ ਨੌਮਾਹੀ ਇਮਤਿਹਾਨਾਂ ਵਾਸਤੇ ਕਾਫ਼ੀ ਹੋਵੇਗਾ ਤੇ ਦੁੱਧ ਪੀ ਸਕਣ ਦਾ ਇੱਕੋ ਰਸਤਾ ਉਸ ਨੂੰ ਨਜ਼ਰ ਆਉਂਦਾ, ਕਿਸੇ ਦਿਨ ਚੁੱਪ ਕਰਕੇ ਉੱਠੇ ਤੇ ਬਿੱਲੀ ਬਣ ਜਾਵੇ।

1. ਇਹ ਸਤਰਾਂ ਕਿਸ ਕਹਾਣੀ ਦੀਆਂ ਹਨ? ਕਹਾਣੀ - ਲੇਖਕਾ ਦਾ ਨਾਂ ਵੀ ਦੱਸੋ।
2. ਦੁੱਧ ਪੀਣ ਦਾ ਰਸਤਾ ਕੀ ਸੀ?
3. ਮੁੰਡੇ ਨੂੰ ਬੁੱਧੀ ਦੇ ਕਿਸ ਤਰ੍ਹਾਂ ਨਕਾਰੀ ਹੋਣ ਦਾ ਡਰ ਸੀ?
4. ਇੱਕ ਵਾਰੀ ਦੁੱਧ ਪੀ ਕੇ ਮੁੰਡੇ ਨੂੰ ਕੀ ਚੰਗਾ ਹੋਣ ਦੀ ਆਸ ਸੀ?

11. ਕੋਈ ਚਾਰ ਪ੍ਰਸ਼ਨ ਕਰੋ:- 1 + 1 + 1 + 1 = 4

(ੳ) ਕੁੜੀਆਂ ਕੌਣ ਸਨ? ਉਹ ਪਾਰਕ ਵਿੱਚ ਕੀ ਕਰ ਰਹੀਆਂ ਸਨ?

(ਅ) ਮੰਗੋ ਕਹਾਣੀ ਦਾ ਲੇਖਕ ਕੌਣ ਹੈ?

(ੲ) ਆਪਣੇ ਪਿੰਡ ਨੰਦੂ ਦੀ ਹਾਲਤ ਕਿਹੋ ਜਿਹੀ ਸੀ?

(ਸ) ਹੜਤਾਲ਼ਾਂ ਤੇ ਮੁਜ਼ਾਹਰਿਆਂ ਬਾਰੇ ਸ਼ਿਵਚਰਨ ਦੇ ਕੀ ਵਿਚਾਰ ਸਨ?

(ਹ) ਮੀਤ ਕਾਰ-ਖਿਡੌਣਾ ਕਿਉਂ ਕੱਢ ਲਿਆਈ ਸੀ?

StudentBounty.com



12. ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ:- 3 + 3 = 6

(ੳ) ਬੇਬੇ ਰਾਮ ਭਜਨੀ ਦਾ ਪਾਤਰ ਚਿਤਰਨ ਕਰੋ।

(ਅ) ਪੁੱਤਰ ਜੇਲ੍ਹ ਨੂੰ ਯੂਨੀਵਰਸਿਟੀ ਕਿਉਂ ਕਹਿੰਦਾ ਹੈ?

(ੲ) ਸਿਪਾਹੀ ਆਪਣੇ ਇਲਾਕੇ ਬਾਰੇ ਥਾਣੇਦਾਰ ਨੂੰ ਕੀ ਕੁੱਝ ਦੱਸਦਾ ਹੈ?

13. ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ:- 2 + 2 = 4

(ੳ) ਸ਼ਾਮੋ ਵਾਲ਼ੀਆਂ ਲੈਣ ਲਈ ਆਪਣੀ ਮਾਂ ਰਾਧਾ ਨੂੰ ਕਿਵੇਂ ਮਨਾਉਂਦੀ ਹੈ?

(ਅ) 'ਜ਼ਫ਼ਰਨਾਮਾ' ਇਕਾਂਗੀ ਦੀ ਸਮੱਸਿਆ ਸੰਖੇਪ ਕਰ ਕੇ ਆਪਣੇ ਸ਼ਬਦਾਂ ਵਿੱਚ ਲਿਖੋ।

(ੲ) ਪ੍ਰਸੰਗ ਸਹਿਤ ਵਿਆਖਿਆ ਕਰੋ:-

ਫੇਰ ਕੀ ਹੋ ਗਿਆ? ਉਹਦਾ ਅਸਰ ਤਾਂ ਹੁੰਦਾ ਏ ਨਾ। ਖੂਹਾਂ 'ਤੇ ਕਈ ਤਰ੍ਹਾਂ ਦੇ ਜਿੰਨ, ਭੂਤ ਤੇ ਚੁੜੇਲਾਂ ਦਾ ਵਾਸਾ ਹੁੰਦਾ ਏ। ਮੈਂ ਸਮਝਨਾਂ ਏਸੇ ਲਈ ਤੁਸਾਂ ਇਸ ਮਕਾਨ ਵਿੱਚ ਸੁੱਖ ਨਹੀਂ ਪਾਇਆ।

14. ਗੁਰਮਤਿ ਕਾਵਿ ਉੱਪਰ ਸੰਖੇਪ ਚਾਨਣਾ ਪਾਓ। 5

**ਜਾਂ**

ਪੰਜਾਬੀ ਕਹਾਣੀ ਦੇ ਨਿਕਾਸ ਤੇ ਵਿਕਾਸ ਉੱਪਰ ਸੰਖੇਪ ਨੋਟ ਲਿਖੋ।